# February 9, 2021
# Level 3

**1.** Read the following story every day and answer the questions.

ਪਾਠ 9

# ਗੁਰੂ ਨਾਨਕ ਦੇਵ ਜੀ ਦੇ ਅਨੋਖੇ ਬਚਨ

*ਇਸ ਪਾਠ ਵਿਚ ਆਏ ਮੁਸ਼ਕਲ ਸ਼ਬਦਾਂ ਨੂੰ ਬੋਲਣਾ ਤੇ ਉਹਨਾਂ ਦੇ ਮਤਲਬ ਸਿਖੋ।*

| | | | | | |
|---|---|---|---|---|---|
| ਭੈੜੇ | bad/mean | ਖੁਸ਼ਬੋ | fragrance | ਹੈਰਾਨ | surprised |
| ਭੇਜਿਆ | sent | ਸਲੂਕ | behaviour | ਚੰਦਨ | sandalwood |
| ਮੁਸਕਰਾਉਣਾ | smile | ਵਰ | blessing | ਤਸੱਲੀ | satisfaction |
| ਉੱਜੜ ਜਾਓ | live in desolation/move about | | | | |
| ਵੱਸਦੇ ਰਹੋ | live happily at one place/stay put | | | | |

ਦੁਨੀਆ ਨੂੰ ਠੀਕ ਰਸਤੇ ਪਾਉਣ ਵਾਲੇ ਗੁਰੂ ਨਾਨਕ ਦੇਵ ਜੀ ਮਰਦਾਨੇ ਨੂੰ ਲੈ ਕੇ ਬੰਗਾਲ ਦੇ ਇਕ ਪਿੰਡ ਗਏ। ਇਸ ਪਿੰਡ ਦਾ ਨਾਂ ਕਿਸੇ ਨੂੰ ਨਹੀਂ ਪਤਾ। ਉਥੋਂ ਦੇ ਲੋਕ ਬਹੁਤ ਭੈੜੇ ਸਨ। ਉਹਨਾਂ ਨੇ ਗੁਰੂ ਜੀ ਨਾਲ ਬਹੁਤ ਭੈੜਾ ਸਲੂਕ ਕੀਤਾ। ਉਹਨਾਂ ਨੇ ਗੁਰੂ ਜੀ ਨੂੰ ਨਾ ਕੁਝ ਖਾਣ ਨੂੰ ਦਿੱਤਾ ਤੇ ਰਾਤ ਰਹਿਣ ਲਈ ਥਾਂ ਵੀ ਨਾ ਦਿੱਤੀ। ਗੁਰੂ ਜੀ ਜਦ ਉਥੋਂ ਤੁਰਨ ਲੱਗੇ ਤਾਂ ਗੁਰੂ ਜੀ ਨੇ ਪਿੰਡ ਵਾਸੀਆਂ ਨੂੰ ਵਰ ਦਿੱਤਾ, "ਵੱਸਦੇ ਰਹੋ, ਪਿੰਡ ਵਾਸੀਓ!"

ਅਗਲੇ ਪਿੰਡ ਗਏ ਤਾਂ ਉਥੋਂ ਦੇ ਲੋਕਾਂ ਨੇ ਗੁਰੂ ਜੀ ਅਤੇ ਮਰਦਾਨੇ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਨੂੰ ਚੰਗਾ ਭੋਜਨ ਛਕਾਇਆ, ਰਾਤ ਨੂੰ ਸੌਣ ਲਈ ਬਿਸਤਰਾ ਦਿੱਤਾ ਅਤੇ ਗੁਰੂ ਜੀ ਨਾਲ ਪਿਆਰ ਨਾਲ ਗੱਲਾਂ ਕੀਤੀਆਂ। ਗੁਰੂ ਜੀ ਅਤੇ ਮਰਦਾਨੇ ਨੇ ਉਸ ਪਿੰਡ ਵਿਚ ਇਕ ਰਾਤ ਬਿਤਾਈ। ਗੁਰੂ ਜੀ ਜਦ ਉਥੋਂ ਤੁਰਨ ਲੱਗੇ ਤਾਂ ਉਹਨਾਂ ਨੇ ਪਿੰਡ ਵਾਲਿਆਂ ਨੂੰ ਵਰ ਦਿੱਤਾ, "ਉੱਜੜ ਜਾਓ, ਪਿੰਡ ਵਾਸੀਓ!"

ਗੁਰੂ ਜੀ ਦੇ ਇਹ ਅਨੋਖੇ ਬਚਨ ਸੁਣ ਕੇ ਮਰਦਾਨਾ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ, "ਗੁਰੂ ਜੀ, ਜਿਨ੍ਹਾਂ ਲੋਕਾਂ ਨੇ ਇੰਨਾ ਭੈੜਾ ਸਲੂਕ ਕੀਤਾ, ਸਾਡੀ ਕੋਈ ਸੇਵਾ ਨਹੀਂ ਕੀਤੀ, ਖਾਣਾ ਨਹੀਂ ਖੁਆਇਆ, ਰਾਤ ਸੌਣ ਨੂੰ ਬਿਸਤਰਾ ਨਹੀਂ ਪੁੱਛਿਆ, ਉਹਨਾਂ ਨੂੰ ਤੁਸੀਂ ਵੱਸਦੇ ਰਹਿਣ ਦਾ ਵਰ ਦਿੱਤਾ। ਤੇ ਜਿਨ੍ਹਾਂ ਲੋਕਾਂ ਨੇ ਸਾਡੇ ਨਾਲ ਚੰਗਾ ਸਲੂਕ ਕੀਤਾ, ਸਾਡੀ ਇੰਨੀ ਸੇਵਾ ਕੀਤੀ, ਚੰਗਾ ਖਾਣਾ ਖੁਆਇਆ, ਸੌਣ ਲਈ ਬਿਸਤਰਾ ਦਿੱਤਾ, ਪਿਆਰ ਨਾਲ ਗੱਲਾਂ ਕੀਤੀਆਂ, ਉਹਨਾਂ ਨੂੰ ਤੁਸੀਂ ਉੱਜੜ ਜਾਣ ਦਾ ਵਰ ਦਿੱਤਾ। ਇਹ ਕਿਸ ਤਰ੍ਹਾਂ ਦਾ ਨਿਆਂ ਹੈ?"



30640 Blueridge Drive, Abbotsford, BC ▪ 604.855.0020 ▪ www.gurmatcenter.com

*Taking care of our children's future...today!*

## ANNOUNCEMENTS

1. Spring Break
    - There will only be one week of spring break this year in order to successfully complete class curriculum by June.
    - Classes WILL continue during the first week of school district spring break week (Monday, March 15 to Friday, March 19, 2021).
    - Break will take place from Monday, March 22 to Friday, March 26, 2021.